ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਐਲੀ:ਸਿ:)ਪੰਜਾਬ
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8, ਐਸ.ਏ.ਐਸ. ਨਗਰ

ਸਮੂਹ
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)

ਮੀਮੋ ਨੰ:06/01-2019 ਸਪੋਰਟਸ (ਸ-1)
ਮਿਤੀ,ਐਸ.ਏ.ਐਸ.ਨਗਰ: 05-02-2019

ਵਿਸ਼ਾ:- ਪੰਜਾਬ ਰਾਜ ਵਿੱਚ ਸਾਲ 2018-19 ਦੌਰਾਨ ਖੋਲੇ ਗਏ ਸਿੱਖਿਆ ਵਿਭਾਗ ਦੇ ਰਿਹਾਇਸ਼ੀ ਖੇਡ ਵਿੰਗਾਂ ਅਤੇ ਸਾਲ 2019-20 ਵਿੱਚ ਨਵੇਂ ਖੋਲ੍ਹੇ ਜਾਣ ਵਾਲੇ ਰਿਹਾਇਸ਼ੀ ਖੇਡ ਵਿੰਗਾਂ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਸਾਲ 2018-19 ਦੌਰਾਨ ਖੋਲ੍ਹੇ ਗਏ ਰਿਹਾਇਸ਼ੀ ਖੇਡ ਵਿੰਗਾਂ ਅਤੇ ਸਾਲ 2019-20 ਵਿੱਚ ਨਵੇਂ ਖੋਲ੍ਹੇ ਜਾਣ ਵਾਲੇ ਰਿਹਾਇਸ਼ੀ ਖੇਡ ਵਿੰਗਾਂ ਸਬੰਧੀ ਇੱਕ ਮੀਟਿੰਗ ਮਿਤੀ 07-02-2019 ਨੂੰ ਡਾਇਰੈਕਟੋਰੇਟ ਦਫਤਰ ਵਿਖੇ ਸਵੇਰੇ 11:00 ਵਜੇ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਸਾਲ 2018-19 ਦੌਰਾਨ ਖੋਲ੍ਹੇ ਗਏ ਰਿਹਾਇਸ਼ੀ ਖੇਡ ਵਿੰਗ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਸਮੇਤ ਕੋਚ (ਸਰੀਰਕ ਸਿੱਖਿਆ ਅਧਿਆਪਕ) ਨੂੰ ਰਿਹਾਇਸ਼ੀ ਖੇਡ ਵਿੰਗ ਦੀ ਮੁਕੰਮਲ ਰਿਪੋਰਟ ਭਾਵ:-ਵਿੰਗ ਨੂੰ ਅਲਾਟ ਕੀਤੀਆਂ ਗਈਆਂ ਸੀਟਾਂ, ਮੌਜੂਦਾ ਖਿਡਾਰੀਆਂ ਦੇ ਮੁਕੰਮਲ ਵੇਰਵੇ, ਜਿਹੜੇ ਵਿੰਗ ਲਗਾਤਾਰ ਪਿਛਲੇ ਤਿੰਨ ਸਾਲਾਂ ਤੋਂ ਚਲ ਰਹੇ ਹਨ ਉਹਨਾਂ ਦੀ ਪਿਛਲੇ ਤਿੰਨ ਸਾਲਾਂ ਦੀਆਂ ਅਤੇ ਜਿਹੜੇ ਦੋ ਸਾਲਾਂ ਤੋਂ ਚਲ ਰਹੇ ਹਨ ਉਨ੍ਹਾਂ ਦੀਆਂ ਦੋ ਸਾਲਾਂ ਦੀਆਂ ਪ੍ਰਾਪਤੀਆਂ ਅਤੇ ਪ੍ਰੋਫਾਰਮੈਂਸ ਦਸਤਾਵੇਜ਼ ਸਹਿਤ ਰਿਪੋਰਟ,ਰਿਹਾਇਸ਼ੀ ਖੇਡ ਵਿੰਗ ਦੀ ਬਿਲਡਿੰਗ (ਵਿੰਗ ਦੇ ਕਮਰੇ,ਪਖਾਨੇ, ਬਾਥਰੂਮ, ਕਿਚਨ / ਮੈਸ,ਖਾਣੇ ਦਾ ਮੀਨੂੰ, ਮੰਜੇ, ਬਿਸਤਰ ਆਦਿ) ਸਬੰਧੀ ਰਿਪੋਰਟ, ਖੇਡ ਮੈਦਾਨਾਂ ਦੀ ਮੌਜੂਦਾ ਸਥਿਤੀ,ਵਿੰਗ ਨਾਲ ਸਬੰਧਤ ਖੇਡ ਸਮਾਨ ਸਬੰਧੀ ਫੋਟੋਆ/ ਸੀ.ਡੀ.ਸਮੇਤ ਮੁਕੰਮਲ ਰਿਪੋਰਟ ਲੈ ਕੇ ਹਾਜ਼ਰ ਹੋਣ ਦੀ ਹਦਾਇਤ ਕੀਤੀ ਜਾਵੇ।

2. ਇਸ ਦੇ ਨਾਲ ਹੀ ਸਮੂਹ ਸਹਾਇਕ ਸਿੱਖਿਆ ਅਫਸਰ (ਖੇਡਾਂ) ਨੂੰ ਹਦਾਇਤ ਕੀਤੀ ਜਾਵੇ ਕਿ ਆਪਣੇ-ਆਪਣੇ ਜਿਲ੍ਹੇ ਅਧੀਨ ਸਾਲ 2019-20 ਦੌਰਾਨ ਵੱਖ-ਵੱਖ ਸਥਾਨਾਂ ਤੇ ਵੱਖ-ਵੱਖ ਖੇਡਾਂ ਦੇ ਨਵੇਂ ਖੋਲ੍ਹੇ ਜਾਣ ਵਾਲੇ ਹੋਰ ਰਿਹਾਇਸ਼ੀ ਖੇਡ ਵਿੰਗਾਂ ਸਬੰਧੀ ਪ੍ਰਾਪਤ ਹੋਈ ਡਿਮਾਂਡ/ਮੰਗ ਪੱਤਰ ਮੁਕੰਮਲ ਵੇਰਵਿਆਂ ਸਹਿਤ ਮਿਤੀ 12-02-2019 ਤੱਕ ਵਿਭਾਗ ਕੋਲ ਪੁੱਜਦੇ ਕਰਨੇ ਯਕੀਨੀ ਬਣਾਉਣ।

(Sd.)
ਆਰਗੇਨਾਈਜ਼ਰ (ਫਿਜ਼ੀ.ਐਜੂ:)

**ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ**

ਪੱਤਰ ਨੰ: ਏ.ਈ.ਓ./2019/825 ਮਿਤੀ:05.02.2019

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਾਲ 2019-20 ਲਈ ਜੇਕਰ ਕਿਸੇ ਸਕੂਲ ਨੇ ਉਕਤ ਸ਼ਰਤਾਂ ਅਨੁਸਾਰ ਨਵਾਂ ਵਿੰਗ ਲੈਣਾ ਹੈ ਤਾਂ ਮਿਤੀ: 08.02.2019 ਤੱਕ ਦਫਤਰ ਦੇ ਕਮਰਾ ਨੰ: 445 ਵਿੱਚ ਕੇਸ ਬਣਾ ਕੇ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਮੁੱਖ ਦਫਤਰ ਨੂੰ ਰਿਪੋਰਟ ਭੇਜੀ ਜਾ ਸਕੇ।

**ਸਹਾਇਕ ਸਿੱਖਿਆ ਅਫਸਰ (ਖੇਡਾਂ)**
**ਬਠਿੰਡਾ**